UNITE FOR GOOD
Rotary

# SACRED SOIL

**Monthly Bulletin of Rotary Club, Morinda**
**Club No. 27190/3080**

HUM
Humanity Unites Mankind
UNITE FOR GOOD

| RI President | District Governor | President | Secretary |
|---|---|---|---|
| Francesco Arezzo | Ravi Prakash | Yashu Sood | Dr. Nimal Dhiman |

November, 2025

## R.I. PRESIDENT SPEAKS

ਅਸੀਂ ਨਵੰਬਰ ਮਹੀਨਾ ਰੋਟਰੀ ਫਾਉਂਡੇਸ਼ਨ, ਜੋ ਕਿ ਰੋਟਰੀ ਦੀ **Lifeline** ਹੈ ਨੂੰ ਸਮਰਪਿਤ ਕਰਦੇ ਹਾਂ ਜਿਸ ਨਾਲ ਸਾਡੇ ਸਮਰਪਣ, ਵਿਸ਼ਵਾਸ ਅਤੇ ਭਾਈਚਾਰੇ ਦਾ ਪ੍ਰਗਟਾਵਾ ਹੁੰਦਾ ਹੈ। **1988** ਤੋਂ ਲੈ ਕੇ ਹੁਣ ਤੱਕ **300** ਕਰੋੜ ਬੱਚਿਆਂ ਨੂੰ ਪੋਲੀਓ ਦੀਆਂ ਖੁਰਾਕਾਂ ਪਿਲਾਈਆਂ ਜਾ ਚੁੱਕੀਆਂ ਹਨ, **250** ਅਰਬ ਰੁਪਏ ਦੇ ਚੁੱਕੇ ਹਾਂ। ਪਿਛਲੇ ਹੀ ਸਾਲ ਅਸੀਂ **135** ਕਰੋੜ ਰੁਪਏ ਆਖਰੀ ਵਾਰ ਲਈ ਦਿੱਤੇ ਹਨ। ਕਰੋੜਾਂ ਹੀ ਬੱਚੇ ਪੋਲੀਓ ਤੋਂ ਬਚਾਏ ਗਏ ਹਨ, ਜਿਸ ਨਾਲ ਸੰਸਾਰ ਅਮਨ ਨੂੰ ਵੀ ਬੜ੍ਹਾਵਾ ਮਿਲਿਆ ਹੈ ।

ਰੋਟਰੀ ਸ਼ਾਂਤੀ ਮਿਸ਼ਨ ਅਧੀਨ ਹੁਣ ਤੱਕ **7** ਪੀਸ ਸੈਂਟਰਾਂ ਵਿੱਚੋ ਨਿਕਲੇ **1800** ਸ਼ਾਂਤੀ ਦੂਤ ਵੱਖੋ- ਵੱਖ ਖਿਤਿੱਆਂ ਵਿੱਚ ਅਮਨ, ਆਪਸੀ ਸੂਝ ਬੂਝ ਅਤੇ ਭਾਈਚਾਰੇ ਨੂੰ ਪ੍ਰਫਲੱਤ ਕਰਨ ਵਿੱਚ ਯੋਗਦਾਨ ਪਾ ਰਹੇ ਹਨ।

ਗਲੋਬਲ ਅਤੇ ਡਿਸਟ੍ਰਿਕਟ ਗ੍ਰਾਂਟਾਂ ਨਾਲ ਛੋਟੇ ਵੱਡੇ ਪ੍ਰੋਜੈਕਟਾਂ ਨਾਲ ਪਿਛੜੇ ਹੋਏ ਇਲਾਕਿਆਂ ਵਿੱਚ ਸਾਫ ਪਾਣੀ, ਸਕਾਲਰਸ਼ਿਪਾਂ, ਸਿਹਤ ਆਦ ਉਤੇ ਖਰਚਾ ਕੀਤਾ ਜਾਂਦਾ ਹੈ। ਕੁਦਰਤੀ ਆਪਦਾਵਾਂ ਤੋਂ ਬਾਦ ਸਾਰੇ ਸੰਸਾਰ ਵਿੱਚ ਮੁੜ ਵਸੇਵੇ ਲਈ ਯੋਗਦਾਨ ਪਾਇਆ ਜਾ ਰਿਹਾ ਹੈ। ਹਰ ਪ੍ਰਾਜੈਕਟ ਨੂੰ ਨੇਪਰੇ ਚਾੜਣ ਤੋਂ ਬਾਦ ਮੁਸਤੈਦੀ ਅਤੇ ਸ਼ਿੱਦਤ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਂਦੀ ।

ਨਵੰਬਰ ਮਹੀਨੇ, ਆਓ ਇਸ ਦੇ ਸ਼ੁੱਕਰਾਨੇ ਵੱਜੋਂ, ਆਸਾਂ ਅਤੇ ਖੇੜਿਆਂ ਨਾਲ ਆਪਣਾ ਯੋਗਦਾਨ ਪਾਈਏ ਅਤੇ **SERVICE ABOVE SELF** ਦੇ ਮਾਟੋ ਨੂੰ ਸਾਕਾਰ ਕਰੀਏ।

ਆਪਦਾ
**FRANCESCO ARREZO**
**Rotary President 2025-26**

0————0————0

## LEAD 25 ਦੀ ਝਲਕੀਆਂ

ਪਿਛਲੇ ਦਿਨੀ ਚੇਨਈ ਵਿੱਚ **5000** ਤੋਂ ਜਿਆਦਾਂ ਰੋਟੇਰੀਅਨਜ਼ ਇੱਕਠੇ ਹੋਏ। ਰੋਟਰੀ ਪ੍ਰਧਾਨ ਫਾਉਂਡੇਸ਼ਨ ਚੇਅਰ ਤੋਂ ਇਲਾਵਾ ਭਾਰਤ ਦੇ ਨਾਮੀ ਗ੍ਰਾਮੀ ਲੋਕਾਂ ਨੇ ਵੀ ਹਿੱਸਾ ਲਿਆ। **ISRO** ਦੇ ਚੇਅਰਮੈਨ ਵੀ. ਨਾਰਾਇਣਨ ਨੇ ਸਨਮਾਨਤ ਹੋਣ ਤੋਂ ਬਾਦ ਕੁਝ ਤੱਥ **ISRO** ਬਾਰੇ ਦੱਸੇ । **1962** ਵਿੱਚ ਭਾਰਤ ਵਿੱਚ ਪੁਲਾੜ ਖੋਜ ਦਾ ਪ੍ਰੋਗਰਾਮ ਸ਼ੁਰੂ ਹੋਇਆ ਥੁੰਬਾ (ਕੇਰਲ) ਵਿਚ। ਭਾਰਤੀ ਪੁਲਾੜ ਖੋਜ ਸੰਸਥਾ (**ISRO**) ਦੀ ਸਥਾਪਨਾ **1969** ਵਿੱਚ ਹੋਈ।

ਅਮਰੀਕਾ ਨਾਲ **1963** ਤੋਂ ਹੀ ਸਾਂਝ ਰਹੀ ਹੈ ਰਾਕਟ ਛੱਡਣ ਨਾਲ। ਪਹਿਲਾਂ ਪਹਿਲਾਂ ਰਾਕਟ ਲਾਂਚਰ **APPLE** ਛੱਡਣ ਵੇਲੇ ਗੱਡਿਆਂ ਤੇ ਸੈਟੇਲਾਈਟ ਢੋਏ ਗਏ ਸੀ।

ਜੁਲਾਈ **2025** ਵਿੱਚ ਪੁਲਾੜ ਵਿੱਚੋਂ ਫੋਟੋਆਂ ਲੈਣ ਵਾਲਾ **NISAR** ਸਿਸਟਮ **10360** ਕਰੋੜ ਰੁਪਏ ਦੀ ਲਾਗਤ ਨਾਲ ਸਥਾਪਤ ਕੀਤਾ ਗਿਆ ਹੈ ਜੋ ਹਰ ਮੌਸਮ ਵਿੱਚ ਫੋਟੋਆਂ ਖਿਚਦਾ ਰਹੇਗਾ।

**ISRO** ਦਾ ਸਾਲਾਨਾ ਬਜਟ **13500** ਕਰੋੜ ਰੁਪਏ ਹੈ। ਭਾਰਤ ਦੀ ਪਹਿਲੀ ਪੁਲਾੜ ਬੱਘੀ **SLV-3** ਫੇਲ ਹੋ ਗਈ ਸੀ।

**1980** ਵਿੱਚ **ROHINI** ਨੂੰ ਪੁਲਾੜ ਵਿੱਚ ਭੇਜ ਕੇ ਮੌਸਮ, ਪੜਾਈ, ਫਸਲਾਂ, ਹੱੜ, ਸੁਨਾਮੀਆਂ ਆਦ ਦੀਆਂ ਜਾਣਕਾਰੀਆਂ ਧਰਤੀ ਤੇ ਭੇਜ ਰਹੇ ਹਨ।

- ਆਪਰੇਸ਼ਨ ਸਿੰਦੂਰ ਦੀ ਸਫਲਤਾ ਵਿੱਚ **ISRO** ਦੇ ਸ਼ੈਟੇਲਾਇਟਾਂ ਦਾ ਵੱਡਾ ਹੱਥ ਹੈ।
- ਭਾਰਤ ਨੇ ਹੁਣ ਤੱਕ **433** ਸੈਟੇਲਾਇਟ ਭੇਜੇ ਜੋ ਕਿ **34** ਮੁਲਕਾਂ ਲਈ ਕੰਮ ਕਰਦੇ ਹਨ।
- ਸੂਰਜ ਦਾ ਅਧਿਐਨ ਕਰਨ ਲਈ ਵੀ ਭਾਰਤ ਦੇ ਸੈਟੇਲਾਇਟ ਕੰਮ ਕਰ ਰਹੇ ਹਨ।
- ਅਗਲੇ **15** ਸਾਲ ਵਿੱਚ **300** ਸੈਟੇਲਾਇਟ ਭੇਜਣ ਦਾ ਪ੍ਰੋਗਰਾਮ ਹੈ।

ਇਸੇ ਪ੍ਰੋਗਰਾਮ ਵਿੱਚ ਮਸ਼ਹੂਰ ਐਕਟਰ ਅਤੇ ਰਾਜ ਸਭਾ ਮੈਂਬਰ ਕਮਲ ਹਾਸਨ ਨੂੰ ਵੀ ਉਮਰ ਭਰ ਦੀਆਂ ਪ੍ਰਾਪਤੀਆਂ ਲਈ ਸਨਮਾਨਤ ਕੀਤਾ ਗਿਆ । ਉਨ੍ਹਾਂ ਦੀ **KAMAL PANAPATTI MANAM** ਸੰਸਥਾ ਨਾਲ ਰੋਟਰੀ ਨੇ **MOU** ਬਣਾਇਆ ਜਿਸ ਨਾਲ ਨੌਜੁਆਨਾਂ ਨੂੰ ਵੋਕੇਸ਼ਨਲ ਟ੍ਰੇਨਿਗ ਅਤੇ ਲੀਡਰਸ਼ਿਪ ਦੇ ਗੁਣ ਸਿਖਾਉਣ ਦਾ ਕੰਮ ਕੀਤਾ ਜਾਵੇਗਾ।

ਰੋਟਰੀ **WHEEL** ਦੀ ਤੁਲਨਾਂ ਉਨ੍ਹਾਂ ਨੇ ਅਸ਼ੋਕ ਚੱਕਰ ਨਾਲ ਕੀਤੀ, ਧਰਮ ਅਤੇ ਸਹੀ ਦਿਸ਼ਾ ਨਾਲ, ਸਕਿੱਲ ਡਿਵੈਲਪਮੈਂਟ ਤੇ ਜੋਰ ਦਿੰਦਿਆਂ ਕਮਲ ਨੇ ਟਾਟਾ ਅਤੇ ਬਿਰਲਾ ਦੇ ਦੇਸ਼ ਵਿੱਚ ਪਾਏ ਮਹਾਨ ਯੋਗਦਾਨ ਨੂੰ ਯਾਦ ਕੀਤਾ ਅਤੇ ਆਪਣੇ ਪਾਲ ਹੈਰਿਸ ਫੇਲੋ ਹੋਣ ਤੇ ਗਰਵ ਕੀਤਾ। ਉਨ੍ਹਾਂ ਅਨੁਸਾਰ ਸਮੇਂ ਦੇ ਨਾਲ ਅੱਗੇ ਵਧਦੇ ਰਹਿਣ ਅਤੇ ਪਿੱਛੇ ਮੁੜ ਕੇ ਨਾ ਦੇਖਣਾ ਹੀ ਸਾਡਾ ਫਰਜ਼ ਅਤੇ ਧਰਮ ਹੋਣਾ ਚਾਹੀਦੈ।

0——————0——————0

* **RI DIRECTOR** ਮੁਰੁਗਾਨੰਦਮ ਨੇ ਪਾਲ ਅਤੇ ਜੀਨ ਹੈਰਿਸ ਦੀ ਯਾਦਗਾਰ ਦੀ ਪੁਨਰ ਉਸਾਰੀ ਹਿੱਤ **2.2** ਕਰੋੜ ਰੁਪਏ ਦਿੱਤੇ ਹਨ ਅਤੇ **23** ਦਾਨੀਆਂ ਵਿੱਚੋ ਪਹਿਲੇ ਹੋਣ ਦਾ ਮਾਣ ਪ੍ਰਾਪਤ ਕੀਤਾ ਜੋ ਕਿ ਹਰੇਕ **2.2** ਕਰੋੜ ਰੁਪਏ ਦੇਣਗੇ ਤਾਂ ਜੋ ਰੋਟਰੀ ਦੇ ਜਨਮ ਦਾਤਾ ਦੇ ਘਰ ਦੀ ਰਿਪੇਅਰ ਹੋ ਸਕੇ।

* ਭਾਰਤ ਵਿੱਚ ਪੋਲੀਓ ਨੂੰ ਖਤਮ ਕਰਨ ਲਈ ਸਭ ਤੋਂ ਪਹਿਲਾਂ (1982-84) ਅਤੇ ਸ਼ੁਭ ਤੋਂ ਮਹਤਵਪੂਰਣ ਯੋਗਦਾਨ ਲਈ, ਰੋਟਰੀ ਫਾਉਂਡੇਸ਼ਨ ਨੇ ਰਾਜਾ ਸਾਬੂ ਨੂੰ **POLIO PLUS SERVICE AWARD** ਨਾਲ ਸਨਮਾਨਤ ਕੀਤਾ। ਟ੍ਰਸਟੀ ਚੇਅਰ **HOLGER KNAACK** ਨੇ ਇਹ ਚੰਡੀਗੜ੍ਹ ਫੇਰੀ ਦੌਰਾਨ ਦਿੱਤਾ।


* ਤਿਰੂਚਿਰਾਪਲੀ **SUCCESS** ਨਾਮ ਦਾ ਰੋਟਰੀ ਕਲੱਬ ਹੋਂਦ ਵਿੱਚ ਆਇਐ ਜਿਸ ਦਾ ਚਾਰਟਰ **415** ਮੈਂਬਰਾਂ ਨੇ ਹਾਂਸਲ ਕੀਤਾ।

* ਦਿੱਲੀ ਦੇ ਦੁਆਰਕਾ ਵਿੱਖੇ ਜੋਨਲ ਇੰਸਟੀਚਿਊਟ ਵਿੱਖੇ ਬਰਿਗੇਡੀਅਰ **D.S. BASERA** ਨੇ ਫੋਜ ਅਤੇ ਰੋਟਰੀ ਦੇ ਸਹਿਯੋਗ ਤੇ ਬੜਾ ਹੀ ਮਹੱਤਵਪੂਰਣ ਭਾਸ਼ਣ ਦਿੱਤਾ।

## <u>CLUB ACTIVITY</u>

* ਪਹਿਲੇ ਸਿੱਖ ਗੁਰੂ ਬਾਬਾ ਨਾਨਕ ਦੇਵ ਜੀ ਦੇ ਆਗਮਨ ਦਿਵਸ ਮੌਕੇ ਕੱਢੇ ਗਏ ਨਗਰ ਕੀਰਤਨ ਵਿੱਚ ਸ਼ਰਧਾਲੂਆਂ ਲਈ ਜੂਸ ਦਾ ਲੰਗਰ ਲਾਇਆ ਗਿਆ ਮਿਤੀ **4** ਨਵੰਬਰ ਨੂੰ।

*ਰੋਟਰੀ ਫਾਉਂਡੇਸ਼ਨ ਸੈਮੀਨਾਰ ਵਿੱਚ ਕਲੱਬ ਦੇ **8** ਮੈਂਬਰ ਸ਼ਾਮਲ ਹੋਣਗੇ, ਮੁਹਾਲੀ ਦੇ **WYNDHEM RESORT** ਵਿੱਚ ਮਿਤੀ 30/11/2025



GURPURAB




GURPURAB



GURPURAB



GURPURAB